# Official Spokesperson's response to a media query on status of MV Jag Anand and MV Anastasia

January 01, 2021

……………………………………………………………………………………………………

# MV ਜਗ ਆਨੰਦ ਅਤੇ MV ਅਨਾਸਤੇਸ਼ੀਆ ਦੇ ਹਾਲਾਤ ਬਾਰੇ ਮੀਡੀਆ ਦੇ ਸਵਾਲ ਦਾ ਅਧਿਕਾਰਤ ਬੁਲਾਰੇ ਵੱਲੋਂ ਜਵਾਬ

1 **ਜਨਵਰੀ**, 2021

MV **ਜਗ ਆਨੰਦ ਅਤੇ** MV **ਅਨਾਸਤੇਸ਼ੀਆ ਦੇ ਹਾਲਾਤ ਬਾਰੇ ਮੀਡੀਆ ਦੇ ਸਵਾਲ ਦੇ ਜਵਾਬ ਵਿੱਚ ਸਰਕਾਰੀ ਬੁਲਾਰੇ ਸ਼੍ਰੀ ਅਨੁਰਾਗ ਸ਼੍ਰੀਵਾਸਤਵ ਨੇ ਕਿਹਾ**:

"ਗ੍ਰੇਟ ਈਸਟਰਨ ਸ਼ਿਪਿੰਗ ਕੰਪਨੀ ਦੇ  ਭਾਰਤੀ ਬਲਕ ਕਾਰਗੋ ਸਮੁੰਦਰੀ ਜਹਾਜ਼ **MV** ਜਗ ਆਨੰਦ ਨੇ **13** ਜੂਨ**, 2020** ਤੋਂ ਚੀਨ ਦੇ ਹੁਬੇਈ ਪ੍ਰਾਂਤ ਦੇ ਜੀਂਗਤਾਂਗ ਬੰਦਰਗਾਹ ਨੇੜੇ ਲੰਗਰ ਲਾਇਆ ਹੋਇਆ ਹੈ ਅਤੇ ਇਸ ਅੰਦਰ **23** ਭਾਰਤੀ ਚਾਲਕ ਦਲ  ਦੇ ਕਾਮੇ ਸਵਾਰ ਹਨ। ਇੱਕ ਹੋਰ ਸਮੁੰਦਰੀ ਜਹਾਜ਼ **MV** ਅਨਾਸਤੇਸ਼ੀਆ ਨੇ**,** ਜਿਸ ਅੰਦਰ **16** ਭਾਰਤੀ ਨਾਗਰਿਕ ਚਾਲਕ ਦਲ ਤੇ ਤੌਰ 'ਤੇ ਸਵਾਰ ਹਨ**, 20** ਸਤੰਬਰ**, 2020** ਤੋਂ ਚੀਨ ਦੇ ਕਾਫਿਡਿਅਨ ਪੋਰਟ ਦੇ ਨਜ਼ਦੀਕ ਲੰਗਰ ਲਾਇਆ ਹੋਇਆ ਹੈ**.** ਇਹ ਦੋਵੇਂ ਸਮੁੰਦਰੀ ਜਹਾਜ਼ ਆਪਣੇ ਮਾਲ ਦੇ ਉਤਾਰੇ ਜਾਣ ਦੀ ਉਡੀਕ ਕਰ ਰਹੇ ਹਨ। ਲੰਮੀ ਦੇਰ ਹੋਣ ਕਾਰਨ ਚਾਲਕ ਦਲ ਦੇ ਮੈਂਬਰਾਂ 'ਤੇ ਤਣਾਅ ਵੱਧ ਰਿਹਾ ਹੈ। ਇਸ ਗੱਲ ਅਤੇ ਸਾਡੇ ਚਾਲਕ ਦਲ ਦੇ ਮੁਸ਼ਕਲ ਹੋ ਰਹੇ ਹਾਲਾਤ ਦੇ ਮੱਦੇਨਜ਼ਰ**,** ਇਨ੍ਹਾਂ ਦੋਵਾਂ ਮਾਮਲਿਆਂ ਨਾਲ ਸਰਗਰਮ ਤਰੀਕੇ ਨਾਲ ਨਜਿੱਠਿਆ ਜਾ ਰਿਹਾ ਹੈ।

ਅਸੀਂ ਇਹ ਗੱਲ ਸਮਝਦੇ ਹਾਂ ਕਿ ਦੂਜੇ ਦੇਸ਼ਾਂ ਦੇ ਕਈ ਹੋਰ ਸਮੁੰਦਰੀ ਜਹਾਜ਼ ਵੀ ਆਪਣੇ ਮਾਲ ਨੂੰ ਉਤਾਰਨ ਲਈ ਆਪਣੀ ਵਾਰੀ ਦਾ ਇੰਤਜ਼ਾਰ ਕਰ ਰਹੇ ਹਨ।

ਬੀਜਿੰਗ ਵਿਚ ਸਾਡੇ ਦੂਤਘਰ ਨੇ ਚੀਨੀ ਵਿਦੇਸ਼ ਮੰਤਰਾਲੇ ਅਤੇ ਸਥਾਨਕ ਸੂਬਾਈ ਅਧਿਕਾਰੀਆਂ ਨਾਲ ਵੀ ਇਹ ਮਾਮਲੇ ਵਾਰ-ਵਾਰ ਚੁੱਕ ਕੇ ਬੇਨਤੀ ਕੀਤੀ ਹੈ ਕਿ ਜਹਾਜ਼ਾਂ ਨੂੰ ਡੌਕ ਕਰਨ ਦੀ ਆਗਿਆ ਦਿੱਤੀ ਜਾਵੇ ਅਤੇ / ਜਾਂ ਚਾਲਕ ਦਲ ਨੂੰ ਬਦਲਣ ਦੀ ਆਗਿਆ ਦਿੱਤੀ ਜਾਵੇ। ਉਹ ਪਿਛਲੇ ਕੁਝ ਮਹੀਨਿਆਂ ਤੋਂ ਇਸ ਮਾਮਲੇ ਨੂੰ ਚੁੱਕ ਰਹੇ ਹਨ। ਭਾਰਤੀ ਰਾਜਦੂਤ ਨੇ ਇਹ ਮਾਮਲਾ ਨਿਜੀ ਤੌਰ 'ਤੇ ਵਿਦੇਸ਼ ਉਪ-ਮੰਤਰੀ ਨਾਲ ਚੁੱਕਿਆ ਹੈ। ਮੰਤਰਾਲਾ ਵੀ ਇਸ ਮੁੱਦੇ ਦਾ ਚੀਨੀ ਦੂਤਾਵਾਸ ਨਾਲ ਫਾਲੋ ਅਪ ਕਰ ਰਿਹਾ ਹੈ।

ਚੀਨੀ ਅਧਿਕਾਰੀਆਂ ਨੇ ਸੂਚਨਾ ਦਿੱਤੀ ਹੈ ਕਿ ਸਥਾਨਕ ਅਧਿਕਾਰੀਆਂ ਦੁਆਰਾ **COVID** ਸਬੰਧਤ ਲਾਈਆਂ ਗਈਆਂ ਵੱਖ ਵੱਖ ਪਾਬੰਦੀਆਂ ਕਾਰਨ ਇਨ੍ਹਾਂ ਬੰਦਰਗਾਹਾਂ ਤੋਂ ਚਾਲਕ ਅਮਲੇ ਦੀ ਤਬਦੀਲੀ ਦੀ ਆਗਿਆ ਨਹੀਂ ਹੈ। ਚੀਨੀ ਵਿਦੇਸ਼ ਮੰਤਰਾਲੇ ਨੇ ਨਵੰਬਰ**, 2020** ਦੇ ਅਖੀਰ ਵਿੱਚ ਇਹ ਵੀ ਦੱਸਿਆ ਸੀ ਕਿ ਭਾਵੇਂ ਜਿੰਗਟਾਂਗ ਬੰਦਰਗਾਹ ਤੋਂ ਚਾਲਕਾਂ ਦੀ  ਤਬਦੀਲੀ ਸੰਭਵ ਨਹੀਂ ਹੋਵੇਗੀ ਪਰ ਸ਼ਿਪਿੰਗ ਕੰਪਨੀ / ਏਜੰਟ ਚੀਨ ਦੇ ਤਿਆਨਜਿਨ ਬੰਦਰਗਾਹ ਤੋਂ ਚਾਲਕ ਦਲ ਦੀ ਰੋਟੇਸ਼ਨ ਲਈ ਅਰਜ਼ੀ ਦੇ ਸਕਦਾ ਹੈ**,** ਅਤੇ ਸਥਾਨਕ ਅਧਿਕਾਰੀ ਇਨ੍ਹਾਂ ਬੇਨਤੀਆਂ ਤੇ ਵਿਚਾਰ ਕਰਨਗੇ**.** ਸਬੰਧਤ ਸ਼ਿਪਿੰਗ ਕੰਪਨੀਆਂ ਨੂੰ ਚਾਲਕਾਂ ਦੀ ਤਬਦੀਲੀ ਕਰਨ ਸਬੰਧੀ ਅਰਜ਼ੀਆਂ ਛੇਤੀ ਹੀ ਦੇਣ ਲਈ ਕਿਹਾ ਗਿਆ ਹੈ।

ਜਿੱਥੇ ਇੱਕ ਪਾਸੇ ਸ਼ਿਪਿੰਗ ਕੰਪਨੀਆਂ ਸਮੁੰਦਰੀ ਜਹਾਜ਼ਾਂ ਨੂੰ ਉਨ੍ਹਾਂ ਦੇ ਮੌਜੂਦਾ ਲੰਗਰ ਬਿੰਦੂਆਂ ਤੋਂ ਰਵਾਨਾ ਕਰਨ ਦੇ ਲੋਜਿਸਟਿਕਸ ਦੀ ਪੜਤਾਲ ਕਰ ਰਹੀਆਂ ਹਨ**,** ਉੱਥੇ ਸਾਡਾ ਦੂਤਾਵਾਸ ਟੈਨਜਿਨ ਵਿਚ ਸੰਬੰਧਤ ਅਧਿਕਾਰੀਆਂ ਨਾਲ ਚਾਲਕ ਦਲ ਦੀ ਤਬਦੀਲੀ ਨੂੰ ਸੁਖਾਲਾ ਕਰਨ ਵਾਸਤੇ ਬਰਥਿੰਗ ਦੀਆਂ ਮਨਜ਼ੂਰੀਆਂ ਲਈ ਤਾਲਮੇਲ ਕਰ ਰਿਹਾ ਹੈ। ਅਸੀਂ ਸਮੁੰਦਰੀ ਜਹਾਜ਼ ਕੰਪਨੀਆਂ ਨੂੰ ਵੀ ਇਹ

ਬੇਨਤੀ ਕੀਤੀ ਹੈ ਕਿ ਉਹ ਸਥਾਨਕ ਚੀਨੀ ਅਧਿਕਾਰੀਆਂ ਦੁਆਰਾ ਮਨਜ਼ੂਰੀਆਂ ਲਈ ਜਲਦੀ ਤੋਂ ਜਲਦੀ ਚਾਲਕ ਦਲ ਦੀ ਤਬਦੀਲੀ ਸਬੰਧੀ ਆਪਣੀਆਂ ਯੋਜਨਾਵਾਂ ਜਮਾ ਕਰ ਦੇਣ|

ਸਾਨੂੰ ਇਹ ਵੀ ਪਤਾ ਹੈ ਕਿ **MV** ਅਨਾਸਤੇਸ਼ੀਆ ਕਾਫੇਡੀਅਨ ਅੰਦਰ ਆਪਣੇ ਮੌਜੂਦਾ ਲੰਗਰ ਬਿੰਦੂ 'ਤੇ ਚਾਲਕ ਦਲ ਦੇ ਤਬਦੀਲੀ ਦੀ ਸੰਭਾਵਨਾ ਦੀ ਪੜਚੋਲ ਕਰ ਰਿਹਾ ਹੈ| ਸਾਡੇ ਦੂਤਘਰ ਨੇ ਕੱਲ੍ਹ ਚੀਨੀ ਅਧਿਕਾਰੀਆਂ ਨੂੰ ਇਸ ਵਿਕਲਪ ਦੀ ਤਜਵੀਜ਼ ਭੇਜ ਲਿਖ ਕੇ ਇਸ ਲਈ ਪਰਵਾਨਗੀ ਦੀ ਮੰਗ ਕੀਤੀ ਹੈ|

ਬੀਜਿੰਗ ਵਿਖੇ ਸਾਡਾ ਦੂਤਘਰ ਬੀਜਿੰਗ, ਹੁਬੇਈ ਅਤੇ ਤਿਆਨਜਿਨ ਵਿੱਚ ਚੀਨੀ ਅਧਿਕਾਰੀਆਂ ਨਾਲ ਨੇੜਲਾ ਅਤੇ ਲਗਾਤਾਰ ਸੰਪਰਕ ਬਣਾਈ ਰੱਖ ਰਿਹਾ ਹੈ. ਇਹ ਮੰਤਰਾਲੇ ਵੀ ਇਸ ਮਸਲੇ ਦਾ ਛੇਤੀ ਹੱਲ ਕੱਢਣ ਲਈ ਨਵੀਂ ਦਿੱਲੀ ਸਥਿਤ ਚੀਨੀ ਦੂਤਾਵਾਸ ਰਾਹੀਂ ਫਾਲੋ ਅਪ ਕਰ ਰਿਹਾ ਹੈ|

ਅਸੀਂ ਚੀਨੀ ਪੱਖ ਦੁਆਰਾ ਇਸ ਮਾਮਲੇ ਵਿੱਚ ਸਹਾਇਤਾ ਦੇਣ ਦੀ ਇੱਛਾ ਸਬੰਧੀ ਬਿਆਨ ਪੜ੍ਹੇ ਹਨ| ਅਸੀਂ ਆਸ ਕਰਦੇ ਹਾਂ ਕਿ ਸਮੁੰਦਰੀ ਜਹਾਜ਼ਾਂ ਤੇ ਪੈਦਾ ਹੋ ਰਹੀ ਗੰਭੀਰ ਮਨੁੱਖੀ ਹਾਲਾਤ ਦੇ ਮੱਦੇਨਜ਼ਰ ਇਹ ਮਦਦ ਫੌਰਨ, ਵਿਹਾਰਕ ਅਤੇ ਸਮੇਂ ਦੀ ਹੱਦ ਅਨੁਸਾਰ ਪ੍ਰਦਾਨ ਕੀਤੀ ਜਾਏਗੀ|

ਇਸ ਬਾਰੇ ਵਾਪਰ ਰਹੇ ਅੱਗੇ ਦੇ ਘਟਨਾਕ੍ਰਮ ਬਾਰੇ ਅਸੀਂ ਤੁਹਾਨੂੰ ਜਾਣੂ ਕਰਾਉਂਦੇ ਰਹਾਂਗੇ|”

**ਨਵੀਂ ਦਿੱਲੀ**

1 **ਜਨਵਰੀ**, 2020

DISCLAIMER: This is an approximate translation. The original is available in English on MEA’s website and may be referred to as the official press release.